
# ਪੰਜਾਬੀ ਕਹਾਣੀ

## ਦਲਿਤ ਮਸਲੇ, ਵੰਗਾਰਾਂ ਤੇ ਚੁਣੌਤੀਆਂ





ਪਰਮਪਾਲ ਸਿੰਘ

# PUNJABI KAHANI
*Dalit Masle, Wangaran Te Chunotiyan*

*by*

**Parmpal Singh**

VPO Badal, Teh. Malout, Distt. Sri Muktsar Sahib-152113

Mobile : 98158-95184

ISBN 978-81-7856-342-8

© Author

ਪਹਿਲੀ ਵਾਰ : 2012

ਟਾਈਟਲ ਫੋਟੋ : ਸੁਖਵਿੰਦਰ ਕੌਰ

ਮੁੱਲ : 170 ਰੁਪਏ

ਪ੍ਰਕਾਸ਼ਕ

ਵਾਰਿਸ ਸ਼ਾਹ ਫ਼ਾਉਂਡੇਸ਼ਨ

42-ਗੁਰੂ ਤੇਗ਼ ਬਹਾਦਰ ਨਗਰ, ਡਾਕਖਾਨਾ ਖਾਲਸਾ ਕਾਲਜ,

ਅੰਮ੍ਰਿਤਸਰ-143002 ਫ਼ੋਨ : 2450520

ਛਾਪਕ

ਪ੍ਰਿੰਟਵੈਲ

146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


ਦਲਿਤ ਚੇਤਨਾ ਦੇ ਪਾਸਾਰ 5

ਕੁਝ ਸਬਦ ਆਪਣੇ ਵੱਲੋਂ 7

- ਪੰਜਾਬੀ ਕਹਾਣੀ : ਦਲਿਤ ਮਸਲੇ, ਵੰਗਾਰਾਂ ਤੇ ਚੁਣੌਤੀਆਂ
  ਪਰਮਪਾਲ ਸਿੰਘ 9
- ਜਾਤੀ-ਪਾਤੀ ਵੰਡੀਆਂ ਵਿਰੁੱਧ ਕ੍ਰਾਂਤੀਕਾਰੀ ਬਿਰਤਾਂਤ : 'ਚੀਕ'
  ਪਰਮਪਾਲ ਸਿੰਘ 18
- ਚੁਮਾਰ ਜਾਤੀ ਦੇ ਸੰਕਟਾਂ ਦੀ ਦਾਸਤਾਨ : 'ਬਦਬੂ'
  ਪਰਮਪਾਲ ਸਿੰਘ 28
- ਦਲਿਤ ਵਰਗ ਦੀ ਹੋਂਦ ਤੇ ਹੋਣੀ ਦਾ ਬਿਰਤਾਂਤ : 'ਬਾਗ਼ਾਂ ਦਾ ਰਾਖਾ'
  ਪਰਮਪਾਲ ਸਿੰਘ 35
- 'ਠੂੰਹਾਂ' ਕਹਾਣੀ ਦੇ ਨਿਕਟ ਘਟਕ
  ਡਾ. ਪਰਮਜੀਤ ਸਿੰਘ ਢੀਂਗਰਾ 40
- 'ਸੂਤ ਪੁੱਤਰ...ਕਰਨ' : ਦਲਿਤ ਪਛਾਣ ਦੀ ਬਿਰਤਾਂਤਕਾਰੀ
  ਧਰਮਿੰਦਰ ਸਿੰਘ 45
- ਡਾ. ਸੁਖਪਾਲ ਸਿੰਘ ਥਿੰਦ ਦੀ ਕਹਾਣੀ 'ਸੰਤ ਦਾ ਕਤਲ' ਦੇ ਦਲਿਤ ਸਰੋਕਾਰ
  ਹਰਜਿੰਦਰ ਸਿੰਘ ਮੁਕਤਸਰ 52
- ਪੇਂਡੂ ਦਲਿਤ ਲੁਕਾਈ ਦੇ ਜੀਵਨ ਯਥਾਰਥ ਦਾ ਬਿਰਤਾਂਤ : 'ਅਜੇ ਆਪਾਂ ਇੰਨੇ ਨਹੀਂ ਮਾੜੇ'
  ਹਰਜਿੰਦਰ ਸਿੰਘ 60
- ਘੁਮਿਆਰ ਜਾਤੀ ਦੀਆਂ ਤਿੰਨ ਪੀੜ੍ਹੀਆਂ ਦੇ ਸੰਕਟਾਂ ਵਾਲਾ ਬਿਰਤਾਂਤ : 'ਤਾਰਾ ਚਿੱਬ ਕੱਢ'
  ਕੁਲਵੰਤ ਕੌਰ 69
- 'ਭਵਿੱਖ ਤਰਾਸ਼ਦੇ ਲੋਕ' : ਭਵਿੱਖਹੀਣ ਦਲਿਤ ਜੀਵਨ ਦੀ ਬਿਰਤਾਂਤਕਾਰੀ
  ਸਵਰਨਜੀਤ ਕੌਰ 74
- ਕਹਾਣੀ 'ਗਰੀਨ ਹੰਟ' ਬਨਾਮ ਦਲਿਤ ਚੇਤਨਾ
  ਗੁਰਪ੍ਰੀਤ ਸਿੰਘ 80
- ਸਮਕਾਲੀ ਪੰਜਾਬੀ ਕਹਾਣੀ ਵਿਚ 'ਗੈਰ-ਦਲਿਤ ਕਹਾਣੀਕਾਰਾਂ' ਦੀ ਦਲਿਤ ਚੇਤਨਾ
  ਕਰਮਜੀਤ ਸਿੰਘ 87

ਸਹਾਇਕ ਪੁਸਤਕ-ਸੂਚੀ 111

# ਪੇਂਡੂ ਦਲਿਤ ਲੋਕਾਈ ਦੇ ਜੀਵਨ ਯਥਾਰਥ ਦਾ ਬਿਰਤਾਂਤ : 'ਅਜੇ ਆਪਾਂ ਇੰਨੇ ਨਹੀਂ ਮਾੜੇ'

ਹਰਜਿੰਦਰ ਸਿੰਘ ਮੁਕਤਸਰ

ਅਨੇਮਨ ਸਿੰਘ ਦੀ ਕਹਾਣੀ 'ਅਜੇ ਆਪਾਂ ਇੰਨੇ ਨਹੀਂ ਮਾੜੇ' (ਹੁਣ, ਜਨਵਰੀ-ਅਪ੍ਰੈਲ 2011 ਵਿਚ ਛਪੀ) ਸਮਕਾਲੀ ਦੌਰ ਦੀ ਮਹੱਤਵਪੂਰਨ ਕਹਾਣੀ ਹੈ। ਉੱਤਰ-ਆਧੁਨਿਕ ਦੌਰ ਵਿਚ ਰਚੀ ਜਾ ਰਹੀ ਪੰਜਾਬੀ ਕਹਾਣੀ ਸਾਹਿਤ ਦੀਆਂ ਹੋਰ ਵਿਧਾਵਾਂ ਨਾਲੋਂ ਵਧੇਰੀ ਸ਼ਿੱਦਤ ਨਾਲ ਦਲਿਤ ਲੋਕਾਈ ਨੂੰ ਦਰਪੇਸ਼ ਮਸਲਿਆਂ, ਚੁਣੌਤੀਆਂ ਤੇ ਵੰਗਾਰਾਂ ਨੂੰ ਆਪਣੇ ਫੋਕਸ ਵਿਚ ਲੈ ਰਹੀ ਹੈ। ਹਥਲੀ ਕਹਾਣੀ ਵੀ ਅਜਿਹੀ ਕਹਾਣੀ ਦੀ ਇਤਿਹਾਸਕ ਰੇਖਾ ਵਿਚ ਗੁਣਾਤਮਕ ਤੇ ਗਿਣਾਤਮਕ ਵਾਧਾ ਕਰਦੀ ਹੋਈ ਨਜ਼ਰ ਆਉਂਦੀ ਹੈ। ਇਹ ਕਹਾਣੀ ਵੀ ਪੇਂਡੂ ਦਲਿਤ ਲੋਕਾਈ ਨੂੰ ਦਰਪੇਸ਼ ਮਸਲਿਆਂ, ਚੁਣੌਤੀਆਂ ਤੇ ਵੰਗਾਰਾਂ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਸਮਾਜਕ, ਆਰਥਕ, ਧਾਰਮਕ, ਰਾਜਨੀਤਕ ਅਤੇ ਸੱਭਿਆਚਾਰਕ ਕਾਰਨਾਂ ਨੂੰ ਅਗਰਭੂਮੀ 'ਤੇ ਲੈ ਕੇ ਆਉਂਦੀ ਹੈ।

ਪਰੰਪਰਕ ਸਮਿਆਂ ਤੋਂ ਭਾਰਤੀ ਸਮਾਜ ਜਾਤਾਂ-ਪਾਤਾਂ, ਗੋਤਾਂ, ਵਰਗਾਂ ਵਿਚ ਵੰਡਿਆ ਚੱਲਿਆ ਆ ਰਿਹਾ ਹੈ। ਇਸਦੇ ਨਾਲ ਹੀ ਸਮਾਜ 'ਤੇ ਪਏ ਪੂੰਜੀਵਾਦ/ਨਵ-ਬਸਤੀਵਾਦ ਅਤੇ ਨਿੱਜੀਕਰਨ ਦੇ ਪ੍ਰਭਾਵ ਨੇ ਪੇਂਡੂ ਦਲਿਤ ਲੋਕਾਈ ਨੂੰ ਹੋਰ ਗੁਠੇ ਲਾ ਦਿੱਤਾ ਹੈ। ਇਹ ਵਰਗ ਕਈ ਵਾਰ ਆਰਥਕ ਪੱਧਰ 'ਤੇ ਖੁਸ਼ਹਾਲ ਹੋਣ ਦੀ ਸੂਰਤ ਵਿਚ ਆਪਣਾ ਰੂਪ ਬਦਲ ਕੇ ਉਪਰਲੇ ਵਰਗ ਵਿਚ ਸ਼ਾਮਿਲ ਹੋਣਾ ਚਾਹੁੰਦਾ ਹੈ, ਪਰ ਉਸ ਦੀ ਮੂਲ ਪਛਾਣ ਪਰੰਪਰਕ ਸਮਾਜਕ ਪ੍ਰਬੰਧ ਹੋਣ ਕਾਰਨ ਬਦਲਦੀ ਨਹੀਂ ਸਗੋਂ ਜਿਉਂ-ਦੀ-ਤਿਉਂ ਬਣੀ ਰਹਿੰਦੀ ਹੈ। ਭਾਰਤੀ ਸਮਾਜ ਉੱਥੇ ਦਾ ਉੱਥੇ ਖੜ੍ਹਾ ਹੈ। ਬੇਸ਼ਕ ਵਿਗਿਆਨਕ ਵਿਕਾਸ ਤੇ ਹੋਰ ਪਦਾਰਥਕ ਤਬਦੀਲੀਆਂ ਵਾਪਰ ਗਈਆਂ ਹਨ, ਪਰ ਦਲਿਤ ਲੋਕਾਈ ਦੀ ਤ੍ਰਾਸਦੀ ਜਿਉਂ ਦੀ ਤਿਉਂ ਬਰਕਰਾਰ ਹੈ। ਇਹੀ ਕਾਰਨ ਹੈ ਕਿ ਭਾਰਤੀ ਸਮਾਜ ਵਿਚ ਸਮਾਜਵਾਦੀ ਪਰਿਵਰਤਨ ਨਹੀਂ ਆਇਆ। ਭਾਰਤੀ ਲੋਕਾਂ ਦਾ ਅਵਚੇਤਨ ਅੱਜ ਵੀ ਪਰੰਪਰਕ ਜਾਤੀ-ਪਾਤੀ ਭੇਦਭਾਵ ਵਾਲੇ ਸਮਾਜ ਦੇ ਮਾਡਲ ਨੂੰ ਛੱਡ ਨਹੀਂ ਸਕਿਆ। ਦਲਿਤ ਲੋਕਾਈ ਇਸੇ ਕਰਕੇ ਜਾਤ-ਪਾਤ 'ਤੇ ਅਧਾਰਤ ਵਰਗ ਵੰਡ ਕਾਰਨ ਹਰ ਪੱਧਰ 'ਤੇ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਰਹੀ ਹੈ ਤੇ ਅੱਜ ਵੀ ਇਹ ਆਪਣੇ-ਆਪ ਨੂੰ ਭਾਰਤੀ ਸਮਾਜ 'ਚ ਹਾਸ਼ੀਏ 'ਤੇ ਧੱਕਿਆ ਹੋਇਆ ਮਹਿਸੂਸ ਕਰ ਰਹੀ ਹੈ।

ਹਥਲੀ ਕਹਾਣੀ ਚੇਤਨਾ-ਪ੍ਰਵਾਹ ਦੀ ਬਿਰਤਾਂਤਕ ਜੁਗਤ ਤਹਿਤ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਇਹ ਉੱਤਮ-ਪੁਰਖੀ ਬਿਰਤਾਂਤਕ-ਸ਼ੈਲੀ ਦੀ ਧਾਰਨੀ ਹੈ। ਕਹਾਣੀ 'ਮਾੜੇ' ਨਾਂ ਦੇ 'ਮੈਂ ਪਾਤਰ' ਦੇ ਮਨ ਵਿਚ ਵਾਪਰ ਰਹੀ ਹੈ। ਇਹ ਕਹਾਣੀ ਵਰਤਮਾਨ ਤੋਂ ਸ਼ੁਰੂ ਹੋ ਕੇ ਭੂਤਕਾਲ

ਵਿਚ ਫੈਲਦੀ ਹੈ ਤੇ ਫਿਰ ਵਰਤਮਾਨ ਵਿਚ ਆ ਕੇ ਆਪਣੇ ਸਿਖ਼ਰ 'ਤੇ ਪੁੱਜਦੀ ਹੋਈ ਆਪਣਾ ਬਿਰਤਾਂਤਕ ਚੱਕਰ ਪੂਰਾ ਕਰਦੀ ਹੈ। ਅਨੇਕਾਂ ਪ੍ਰਸ਼ਨ ਚਿੰਨ੍ਹ ਪਾਠਕ ਦੇ ਮਨ-ਮਸਤਕ ਵਿਚ ਖੜ੍ਹੇ ਕਰ ਦਿੰਦੀ ਹੈ। ਇਹੀ ਸਮਕਾਲੀ ਕਹਾਣੀ ਦੀ ਵੱਡੀ ਪ੍ਰਾਪਤੀ ਹੈ। ਹਥਲੀ ਕਹਾਣੀ ਦੀ ਇਹ ਖ਼ੂਬਸੂਰਤੀ ਹੈ ਕਿ ਇਹ ਆਧੁਨਿਕ ਨਿੱਕੀ ਕਹਾਣੀ ਦੀਆਂ ਵਿਧਾਗਤ ਬਿਰਤਾਂਤਕ ਜੁਗਤਾਂ ਦੀ ਹੀ ਧਾਰਨੀ ਨਹੀਂ ਸਗੋਂ ਆਪਣੇ ਵਿਸ਼ੇ-ਵਸਤੂ ਦੇ ਜ਼ਾਵੀਏ ਤੋਂ ਵੀ ਵਿਚਾਰਨਯੋਗ ਹੈ। ਅਜਿਹੀ ਜਟਿਲ ਬਿਰਤਾਂਤ ਦੀ ਧਾਰਨੀ ਕਹਾਣੀ ਨੂੰ ਏਨੀ ਖ਼ੂਬਸੂਰਤੀ ਨਾਲ ਸਿਰਜਣ ਲਈ ਸਚਮੁੱਚ ਅਨੇਮਨ ਸਿੰਘ ਵਧਾਈ ਦਾ ਪਾਤਰ ਹੈ।

ਹਥਲੀ ਕਹਾਣੀ ਦਾ ਪਹਿਲਾ ਹੀ ਵਾਕ—"ਦੋ-ਤਿੰਨ ਦਿਨਾਂ ਤੋਂ ਸਿਰਫ਼ ਇਕੋ ਜੁਗਤ ਮੇਰੇ ਮਨ 'ਤੇ ਛਾਈ ਹੋਈ ਐ।" ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਇਸ ਵਾਕ ਵਿਚਲਾ ਸ਼ਬਦ 'ਜੁਗਤ' ਵੀ ਕਹਾਣੀਕਾਰ ਨੇ ਬਿਰਤਾਂਤਕ ਜੁਗਤ ਵਾਂਗ ਹੀ ਵਰਤ ਲਿਆ ਹੈ, ਜੋ ਪਾਠਕ ਦੇ ਮਨ ਅੰਦਰ ਕਹਾਣੀ ਪੜ੍ਹਨ ਲਈ ਉਤਸੁਕਤਾ ਦਾ ਬੀਜ਼ ਬੀਜ਼ਦਾ ਹੈ। ਪਾਠਕ ਕਹਾਣੀ ਪੜ੍ਹਦਾ ਜਾਂਦਾ ਹੈ ਤੇ ਦਲਿਤ ਵਰਗ ਨੂੰ ਦਰਪੇਸ਼ ਮਸਲਿਆਂ, ਚੁਣੌਤੀਆਂ ਤੇ ਵੰਗਾਰਾਂ ਨੂੰ ਪਰਤ-ਦਰ-ਪਰਤ ਸਮਝਦਾ ਜਾਂਦਾ ਹੈ। ਜੋ ਸਦੀਆਂ ਤੋਂ ਪੇਂਡੂ ਦਲਿਤ ਲੋਕਾਈ ਦੀ ਹੋਣੀ ਬਣਦੇ ਆ ਰਹੇ ਹਨ।

ਇਸ ਕਹਾਣੀ ਦਾ ਮੁੱਖ ਪਾਤਰ 'ਮਾੜਾ' ਹੈ ਜੋ ਪਿੰਡ ਵਿਚਲੀ ਦਲਿਤ ਜਾਤੀ 'ਚਮਿਆਰ' ਨਾਲ ਸੰਬੰਧਤ ਹੈ। ਉਹ ਪਿੰਡ ਵਿਚ ਹੀ ਜੱਟਾਂ ਨਾਲ ਸੀਰੀ-ਸਾਂਝੀ ਰਲ ਕੇ ਆਪਣਾ ਗੁਜ਼ਾਰਾ ਕਰਦਾ ਹੈ। ਉਸਦੀ ਪਤਨੀ 'ਦੀਪੋ' ਆਪਣੀ ਤੀਸਰੀ ਧੀ 'ਨਿੱਕੀ' ਨੂੰ ਜਨਮ ਦੇਣ ਸਮੇਂ ਪੈਸੇ ਦੀ ਥੁੜ੍ਹ ਕਾਰਨ ਚੰਗਾ ਡਾਕਟਰੀ ਇਲਾਜ਼ ਨਾ ਹੋਣ ਕਾਰਨ ਮਰ ਚੁੱਕੀ ਹੈ। ਤਿੰਨ ਧੀਆਂ ਦਾ ਬਾਪ 'ਮਾੜਾ' ਵੀ ਗੁਰਦੇ ਵਿਚ ਤਿੰਨ ਪਥਰੀਆਂ ਹੋਣ ਕਾਰਨ ਡਾਕਟਰ ਦੀ ਸਲਾਹ ਮੁਤਾਬਕ ਕੋਈ ਭਾਰੀ ਸਰੀਰਕ ਕੰਮ ਨਹੀਂ ਕਰ ਸਕਦਾ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਖੇਤ ਮਜ਼ਦੂਰ ਦੀ ਹੈਸੀਅਤ ਤੱਕ ਘਟਿਆ ਹੋਇਆ'ਮਾੜਾ' ਸਰੀਰਕ ਕੰਮ ਤੋਂ ਇਲਾਵਾ ਹੋਰ ਕਰ ਵੀ ਕੀ ਸਕਦਾ ਹੈ, ਜਿਸ ਨਾਲ ਉਸ ਦਾ ਤੇ ਉਸ ਦੀਆਂ ਧੀਆਂ ਦਾ ਗੁਜ਼ਾਰਾ ਹੋ ਸਕੇ। ਏਨਾ ਪੈਸਾ ਵੀ ਨਹੀਂ ਕਿ ਉਹ ਆਪਣਾ ਇਲਾਜ਼ ਕਰਵਾ ਸਕੇ। ਦੂਸਰੇ ਪਾਸੇ ਜੱਟਾਂ ਨੇ ਆਪਣੇ ਖੇਤਾਂ ਵਿਚ ਜ਼ਿਆਦਾ ਕੰਮ ਕਰਵਾਉਣ ਖ਼ਾਤਰ ਪਹਿਲਾਂ ਉਹਨੂੰ 'ਭੁੱਕੀ' ਤੇ ਫਿਰ 'ਗੋਲੀਆਂ' ਦੇ ਨਸ਼ੇ ਦਾ ਆਦੀ ਬਣਾ ਦਿੱਤਾ, ਜਿਸ ਕਾਰਨ ਉਹ ਆਰਥਕ ਪੱਧਰ 'ਤੇ ਹੋਰ ਵੀ ਸੰਕਟਮਈ ਸਥਿਤੀਆਂ ਦਾ ਭਾਗੀ ਬਣਦਾ ਹੈ। ਇਸੇ ਪਰਿਪੇਖ ਵਿਚ ਕਹਾਣੀ ਦੇ ਹੇਠਲੇ ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ :

> "...ਪਹਿਲਾਂ ਮੈਂ ਦਿਹਾੜੀ 'ਤੇ ਜਾਣ ਲੱਗਾ ਇਕ ਅੱਧਾ ਚੱਮਚ ਭੁੱਕੀ ਦਾ ਖਾ ਲੈਂਦਾ ਸੀ। ਜਦੋਂ ਦਾ ਪਥਰੀਆਂ ਦਾ ਦਰਦ ਸ਼ੁਰੂ ਹੋਇਆ, ਮੈਂ ਇਹ ਵੀ ਛੱਡ ਦਿੱਤੀ ਸੀ ਪਰ ਇਕ ਦਿਨ ਲੰਬੜਦਾਰ ਨੇ ਰੂੜੀ ਸੁਟਾਉਣੀ ਸੀ ਖੇਤ। ਦਿਹਾੜੀਦਾਰ ਕੋਈ ਨਾ ਮਿਲਿਆ ਤਾਂ ਮੇਰੇ ਕੋਲ ਆ ਗਿਆ। ਮੈਂ ਬਥੇਰੇ ਵਾਸਤੇ ਪਾਏ, ਬਈ ਲੰਬੜਦਾਰਾ ਹੁਣ ਮੇਰੇ ਤੋਂ ਕਹੀ ਦਾ ਕੰਮ ਨਹੀਂ ਹੁੰਦਾ। ਦਰਦ ਉੱਠਦੇ ਪਰ ਇਹ ਧੱਕੇ ਨਾਲ ਲੈ ਗਿਆ। ਘਰ ਲੈ ਜਾ ਕੇ, ਇਹਨੇ ਲੋਮੋਟਿਲ ਦੀ ਪੁੜੀ 'ਚੋਂ ਦਸ ਗੋਲੀਆਂ ਇਕੱਠੀਆਂ ਕੱਢ ਕੇ ਮੇਰੀ ਹਥੇਲੀ ਧਰ ਦਿੱਤੀਆਂ। ਕਹਿੰਦਾ, "ਲੈ ਹੁਣ ਤੇਰੇ ਢਿੱਡ

'ਚ ਕਦੇ ਪੀੜ ਨੀਂ ਉੱਠਣੀ।" ਮੈਂ ਦੋ ਦਿਨ ਕਹੀ ਚਲਾਈ ਗਿਆ। ਪਤਾ ਹੀ ਨਹੀਂ ਲੱਗਾ ਸੀ। ਬਸ ਉਸ ਦਿਨ ਤੋਂ ਬਾਅਦ ਮੈਨੂੰ ਇਹ ਖਾਣ ਦੀ ਲਤ ਪੈ ਗਈ...।"

(ਅਜੇ ਆਪਾਂ ਇੰਨੇ ਨਹੀਂ ਮਾੜੇ, ਹੁਣ, ਜਨਵਰੀ-ਅਪ੍ਰੈਲ 2011, ਪੰਨਾ 75)

ਇਉਂ ਇਹ ਕਹਾਣੀ ਪੇਂਡੂ ਸਮਾਜ ਵਿਚ ਦਲਿਤ ਵਰਗ ਦੇ ਖੇਤ ਮਜ਼ਦੂਰ ਬਣੇ ਬੰਦਿਆਂ ਦੇ ਜੀਵਨ ਯਥਾਰਥ ਦੀਆਂ ਪਰਤਾਂ ਨੂੰ ਪਾਠਕਾਂ ਦੇ ਸਨਮੁਖ ਕਰਦੀ ਹੈ। ਇਹ ਕਹਾਣੀ ਪੇਂਡੂ ਸਮਾਜ ਦੇ ਉਸ ਕਰੂਰ ਯਥਾਰਥ ਨੂੰ ਵੀ ਪਾਠਕਾਂ ਦੇ ਸਨਮੁਖ ਲਿਆਉਂਦੀ ਹੈ ਜਿਸ ਵਿਚ ਪੇਂਡੂ ਜੱਟ ਵਰਗ ਆਪਣੇ ਨਿਗੂਣੇ ਨਿੱਜੀ ਮੁਫਾਦਾਂ ਲਈ ਦਲਿਤਾਂ ਦਾ ਜੀਵਨ ਨਰਕ ਬਣਾ ਰਹੇ ਹਨ। ਦਲਿਤਾਂ ਨਾਲ ਅਜਿਹੇ ਵਿਹਾਰ ਦੇ ਪਿੱਛੇ ਹੋਰ ਵੀ ਬਹੁਤ ਸਾਰੇ ਕਾਰਨ ਨਜ਼ਰ ਆਉਂਦੇ ਹਨ। ਇਹ ਅਖੌਤੀ ਸਵਰਨ ਵਰਗ (ਜੱਟ) ਦਲਿਤਾਂ ਨੂੰ ਨਸ਼ੇੜੀ ਬਣਾ ਕੇ ਜਿੱਥੇ ਆਪਣੇ ਖੇਤਾਂ ਵਿਚ ਵੱਧ ਕੰਮ ਕਰਵਾਉਂਦੇ ਹਨ ਤੇ ਮਜ਼ਦੂਰੀ ਘੱਟ ਦਿੰਦੇ ਹਨ ਉਥੇ ਹੀ ਉਹਨਾਂ ਨੂੰ ਆਪਣਾ ਕਰਜ਼ਾਈ ਕਰਕੇ ਸਦਾ ਆਪਣੇ ਰੋਹਬ ਥੱਲੇ ਰੱਖਦੇ ਹਨ। ਅਜਿਹੀ ਕਰਜ਼ਾਈ ਸਥਿਤੀ ਦੀ ਗ੍ਰਿਫ਼ਤ ਵਿਚ ਆਇਆ ਖੇਤ ਮਜ਼ਦੂਰ ਦਲਿਤ ਵਰਗ ਪੀੜ੍ਹੀ-ਦਰ-ਪੀੜ੍ਹੀ ਜੱਟਾਂ ਦੇ ਸ਼ੋਸ਼ਣ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਕਰਜ਼ਾਈ ਹੋਏ ਖੇਤ ਮਜ਼ਦੂਰ ਦਾ ਜੱਟ ਆਰਥਕ ਸ਼ੋਸ਼ਣ ਹੀ ਨਹੀਂ ਕਰਦੇ ਸਗੋਂ ਸਮਾਜਕ, ਰਾਜਨੀਤਕ ਤੇ ਸੱਭਿਆਚਾਰਕ ਸ਼ੋਸ਼ਣ ਵੀ ਕਰਦੇ ਹਨ। ਇਹ ਕਰਜ਼ਾਈ ਹੋਏ ਦਲਿਤਾਂ ਦੀਆਂ ਨੂੰਹਾਂ-ਧੀਆਂ ਨੂੰ ਭੋਗਣਾ ਵੀ ਆਪਣਾ ਅਧਿਕਾਰ ਸਮਝਦੇ ਹਨ। ਇਸੇ ਸੰਦਰਭ ਵਿਚ ਹਥਲੀ ਕਹਾਣੀ ਦੇ ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ :

"...ਏਸ ਗੱਲ ਦੀ ਭਿਣਕ ਵੀ ਮੈਨੂੰ ਉਦੋਂ ਲੱਗੀ, ਜਦੋਂ ਭੱਛਾਂ ਦਾ ਲੱਖਾ ਛੜਾ ਇਹਦੇ ਘਰ ਆਉਣ ਲੱਗ ਪਿਆ। ਇਹ 'ਮੇਲਾ' ਸਾਲਾ ਉਹਦੇ ਆਉਣ 'ਤੇ ਔਖਾ ਹੋਣ ਦੀ ਬਜਾਏ ਖੁਸ਼ ਹੋ ਜਾਂਦੈ। ਉਹ ਇਹਦੇ ਪੀਣ ਲਈ ਬੋਤਲ ਜੋ ਡੱਬ 'ਚ ਜੋ ਟੂੰਗ ਲਿਆਉਂਦੈ। ਫਿਰ ਉਹ ਮੰਜੇ 'ਤੇ ਆ ਬੈਠੂ, ਜਿਵੇਂ ਘਰ ਵੀ ਉਸੇ ਦਾ ਹੋਵੇ ਤੇ ਇਹ ਸਾਡੇ ਵਾਲਾ ਭੁੰਜੇ ਬੈਠਾ ਵੱਡਾ ਭਾਈ-ਵੱਡਾ ਭਾਈ ਕਰਦਾ ਰਹੂ ਤੇ ਚੁੜੇਲ ਸਾਲੀ ਉਹਦੇ ਅੱਗੇ ਹਾਂਜੀ-ਹਾਂਜੀ ਕਰੂ, ਜਿਵੇਂ ਸਾਲੀ ਬਹੂ ਉਸ ਦੀ ਹੋਵੇ ਤੇ ਇਹਨੂੰ ਟੁੱਟ-ਟੁੱਟ ਕੇ ਪਊ...।"

(ਅਜੇ ਆਪਾਂ ਇਨੇ ਨਹੀਂ ਮਾੜੇ, **ਹੁਣ**, ਜਨਵਰੀ-ਅਪ੍ਰੈਲ 2011, ਪੰਨਾ 72)

ਇਸ ਤਰ੍ਹਾਂ ਪੇਂਡੂ ਸਮਾਜ ਵਿਚ ਰਹਿੰਦੇ ਦਲਿਤ ਖੇਤ ਮਜ਼ਦੂਰ ਮਾੜੀ ਆਰਥਿਕਤਾ ਅਤੇ ਨਸ਼ੇ ਦੀ ਲਿਲਕ ਨੂੰ ਪੂਰਾ ਕਰਨ ਲਈ ਜੱਟਾਂ ਵੱਲੋਂ ਕੀਤੇ ਜਾਂਦੇ ਹਰ ਤਰ੍ਹਾਂ ਦੇ ਸ਼ੋਸ਼ਣ ਨੂੰ ਸਵੀਕਾਰਨ ਲਈ ਮਜ਼ਬੂਰ ਹੋ ਜਾਂਦੇ ਹਨ। ਪੇਂਡੂ ਜੱਟ ਦਲਿਤ ਵੋਟਾਂ ਨੂੰ ਵੀ ਆਪਣੀ ਜੇਬ ਵਿਚ ਹੀ ਸਮਝਦੇ ਹਨ। ਇਨ੍ਹਾਂ ਦੀਆਂ ਵੋਟਾਂ 'ਤੇ ਸਰਦਾਰੀ ਜੱਟ ਕਰਦੇ ਹਨ। ਹਥਲੀ ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਲੰਬੜਦਾਰ ਵਰਗੇ ਜੱਟ 'ਮਾੜੇ' ਵਰਗੇ ਗਰੀਬਾਂ ਨੂੰ ਦਿਹਾੜੀ 'ਤੇ ਕਰਕੇ ਰੈਲੀਆਂ ਵਿਚ ਲੈ ਕੇ ਜਾਂਦੇ ਹਨ। ਇਕੱਠ ਵਿਖਾ ਕੇ ਲੀਡਰਾਂ ਕੋਲੋਂ ਆਪਣੇ ਨਿੱਜੀ ਕੰਮ ਕਰਵਾਉਂਦੇ ਹਨ। ਪਹਿਲਾਂ ਇਕ ਪਾਰਟੀ ਦਾ ਚੌਧਰੀ ਲੈ ਕੇ ਜਾਂਦੇ ਹਨ ਤੇ ਫਿਰ ਉਹਨਾਂ ਨੂੰ ਹੀ ਦਿਹਾੜੀ 'ਤੇ ਕਰਕੇ ਦੂਜੀ ਪਾਰਟੀ ਦੇ ਚੌਧਰੀ ਰੈਲੀ 'ਤੇ ਲੈ ਕੇ ਜਾਂਦੇ ਹਨ। ਇਸ ਤਰ੍ਹਾਂ ਦਲਿਤ ਵਰਗ ਦੀਆਂ ਵੋਟਾਂ ਤੇ ਸਰਦਾਰੀ ਵੱਖ-ਵੱਖ ਪਾਰਟੀਆਂ ਦੇ ਜੱਟ ਆਗੂ ਕਰਦੇ ਹਨ।

ਮਾੜੀ ਆਰਥਕ ਸਥਿਤੀ ਕਾਰਨ ਦਲਿਤਾਂ ਨੂੰ ਮਿਲਿਆ ਵੋਟਾਂ ਦਾ ਅਧਿਕਾਰ ਵੀ ਮਨਫ਼ੀ ਹੋ ਜਾਂਦਾ ਹੈ। ਇਸ ਤਰ੍ਹਾਂ ਪੇਂਡੂ ਸਮਾਜ ਵਿਚ ਆਰਥਕ ਪੱਖੋਂ ਹੀਣੇ ਦਲਿਤਾਂ ਦਾ ਰਾਜਨੀਤਕ ਸ਼ੋਸ਼ਣ ਵੀ ਇਸ ਕਹਾਣੀ ਦਾ ਪ੍ਰਮੁੱਖ ਮੁੱਦਾ ਬਣ ਕੇ ਉਭਰਿਆ ਹੈ। ਲੰਬੜਦਾਰ ਆਖਦਾ ਹੈ :

> "ਮਾੜਿਆ...ਪਰਸੋਂ ਆਪਣੀ ਪਾਰਟੀ ਦੀ ਰੈਲੀ ਐ...ਤੂੰ ਚੱਲੀਂ ਸੱਤਰ ਰੁਪਏ ਦੇਵਾਂਗੇ...ਚੰਡੀਗੜ੍ਹ ਦੇਣੈਂ ਧਰਨਾ ਸਰਕਾਰੀ ਜਬਰ ਵਿਰੋਧੀ...ਦੋ ਪੱਤੇ ਵੀ ਦੇਊਂ ਤੈਨੂੰ।"

ਮਾੜਾ ਆਖਦਾ ਹੈ—

> "...ਮਹੀਨਾ ਕੁ ਪਹਿਲਾਂ ਦੂਜੇ ਵੀ ਲੈ ਗਏ ਸੀ। ਰੁਪਏ ਉਹਨਾਂ ਵੀ ਸੱਤਰ ਹੀ ਦਿੱਤੇ। ਇੱਕੋ ਰੇਟ ਰੱਖਿਆ ਸਭ ਨੇ...।" (ਉਹੀ, ਪੰਨਾ 75)

ਇਸ ਤਰ੍ਹਾਂ ਕਹਾਣੀ ਜਿੱਥੇ ਭਾਰਤ ਦੇ ਅਖੌਤੀ ਲੋਕਤੰਤਰ 'ਤੇ ਕਰਾਰਾ ਵਿਅੰਗ ਕਰਦੀ ਹੈ ਉੱਥੇ ਹੀ ਹਾਸ਼ੀਏ 'ਤੇ ਧੱਕੇ ਹੋਏ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਅਖੌਤੀ ਰਾਜਨੀਤਕ ਲੀਡਰਾਂ ਦੇ ਘਿਨਾਉਣੇ ਚਿਹਰਿਆਂ ਤੋਂ ਨਕਾਬ ਵੀ ਧੂਹ ਕੇ ਲਾਉਂਦੀ ਹੈ। ਇਹ ਭ੍ਰਿਸ਼ਟ ਲੀਡਰ ਦਲਿਤ ਵਰਗ ਦੀਆਂ ਵੋਟਾਂ ਦੇ ਸਿਰ 'ਤੇ ਆਪ ਰਾਜ ਕਰਦੇ ਹਨ ਤੇ ਦਲਿਤ ਵਰਗ ਨੂੰ ਨਿਤਾਣਾ/ਨਿਮਾਣਾ ਬਣਾਈ ਰੱਖਣ ਲਈ ਹਰ ਪੈਂਤੜਾ ਵਰਤਦੇ ਹਨ ਤਾਂ ਕਿ ਉਹਨਾਂ ਦਾ ਵੋਟ ਬੈਂਕ ਬਣਿਆ ਰਹੇ।

ਪੇਂਡੂ ਸਮਾਜ ਵਿਚ ਜ਼ਮੀਨਾਂ ਦੇ ਮਾਲਕ ਜੱਟ ਕਦੇ ਨਹੀਂ ਚਾਹੁੰਦੇ ਕਿ ਉਹਨਾਂ ਦੇ ਸੀਰੀ-ਸਾਂਝੀ ਰਲਦੇ ਦਲਿਤ ਦਾ ਪੁੱਤਰ ਜਾਂ ਧੀ ਸਕੂਲ ਪੜ੍ਹਨ ਜਾਵੇ ਤੇ ਉਹ ਪੜ੍ਹ-ਲਿਖ ਕੇ ਕੋਈ ਸਰਕਾਰੀ ਨੌਕਰੀ 'ਤੇ ਲੱਗੇ। ਉਹ ਸੋਚਦੇ ਹਨ ਕਿ ਜੇ ਉਹ ਸਰਕਾਰੀ ਨੌਕਰੀ 'ਤੇ ਲੱਗ ਗਏ ਤਾਂ ਉਹਨਾਂ ਦੇ ਚੁੰਗਲ ਵਿਚੋਂ ਨਿਕਲ ਜਾਣਗੇ ਤੇ ਉਹਨਾਂ ਦੇ ਖੇਤਾਂ ਵਿਚ ਕੰਮ ਕੌਣ ਕਰੇਗਾ ? ਇਸ ਲਈ ਉਹ ਇਹ ਕਦੇ ਨਹੀਂ ਚਾਹੁੰਦੇ ਕਿ ਕੋਈ ਦਲਿਤ ਆਰਥਕ ਤੌਰ 'ਤੇ ਖੁਸ਼ਹਾਲ ਹੋ ਕੇ ਉਹਨਾਂ ਦੇ ਬਰਾਬਰ ਆ ਜਾਵੇ। ਹਥਲੀ ਕਹਾਣੀ ਵਿਚਲਾ ਮਾਸਟਰ ਵੀ ਦਲਿਤ ਜਾਤੀ ਨਾਲ ਸੰਬੰਧ ਰੱਖਦਾ ਹੈ। ਜਦੋਂ ਮਾੜਾ ਅਤੇ ਪਾਲਾ ਉਸ ਦੇ ਦਿਹਾੜੀ ਜਾਂਦੇ ਹਨ ਤਾਂ ਉਹ ਜੱਟਾਂ ਦੀ ਮਾੜੀ ਸੋਚ ਬਾਰੇ ਦੱਸਦਾ ਹੈ ਜਿਹੜੀ ਹਮੇਸ਼ਾ ਹੀ ਪੇਂਡੂ ਅਰਥਚਾਰੇ ਵਿਚ ਦਲਿਤਾਂ ਦੀ ਤ੍ਰਾਸਦੀ ਨੂੰ ਸਿਰਜਦੀ ਰਹਿੰਦੀ ਹੈ :

> "ਭਾਈ ਜਦੋਂ ਮੈਂ ਸਕੂਲ ਪੜ੍ਹਨ ਜਾਇਆ ਕਰਦਾ...ਜੱਟ ਮੇਰੇ ਬਾਪੂ ਨੂੰ ਝੇਡਾਂ ਕਰਦੇ...ਕਹਿੰਦੇ ਗੇਰੂਆ...ਕਿਉਂ ਜਵਾਕ ਨੂੰ ਚਮਲਾਉਂਦੈ..ਅਜੇ ਵੀ ਕੁਝ ਨਹੀਂ ਵਿਗੜਿਆ। ਪੜ੍ਹ ਲਿਖ ਕੇ ਵੀ ਇਹਨੇ ਇਥੇ ਹੀ ਰਹਿਣੈਂ...ਢੇਡੀ ਕੌਮ ਨਹੀਂ ਨਿਕਲ ਸਕਦੀ ਨਰਕ 'ਚੋਂ...ਇਹ ਤਾਂ ਰੱਬ ਨੇ ਜੂਨ ਈ ਅਜਿਹੀ ਬਣਾਈ ਐ...ਭੁਗਤਣੀ ਪਊ। ਜੇ ਪੜ੍ਹਾਉਣਾ ਈ ਸੀ ਤਾਂ ਕਿਸੇ ਉੱਚੀ ਜਾਤ 'ਚ ਜਨਮ ਲੈਂਦੇ।"
> (ਉਹੀ, ਪੰਨਾ 73)

ਇਉਂ ਇਹ ਕਹਾਣੀ ਪਾਠਕ ਨੂੰ ਭਾਰਤ ਦੇ ਅਖੌਤੀ ਜਾਤ-ਪਾਤ ਅਧਾਰਤ ਸਮਾਜਕ ਸਿਸਟਮ ਬਾਰੇ ਵੀ ਸੰਕੇਤਾਤਮਕ ਰੂਪ ਵਿਚ ਜਾਣੂ ਹੀ ਨਹੀਂ ਕਰਵਾਉਂਦੀ ਸਗੋਂ ਇਸ ਅਖੌਤੀ ਸਿਸਟਮ 'ਤੇ ਕਟਾਖਸ਼ ਵੀ ਕਰਦੀ ਹੈ, ਜਿਹੜਾ ਸਦੀਆਂ ਤੋਂ ਦਲਿਤ ਲੋਕਾਈ ਦੇ ਸ਼ੋਸ਼ਣ ਦਾ ਸਾਧਨ ਬਣਿਆ ਰਿਹਾ ਹੈ। ਬ੍ਰਾਹਮਣਾਂ ਵੱਲੋਂ ਸਿਰਜਿਆ ਗਿਆ ਇਹ ਜਾਤਾਂ-ਪਾਤਾਂ ਦੇ

ਸਿਲਸਿਲੇ (ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ) ਵਿਚ ਦਲਿਤ ਵਰਗ ਸਭ ਤੋਂ ਹੇਠਲੀ ਜਾਤੀ 'ਸ਼ੂਦਰ' ਵਿਚ ਰੱਖਿਆ। ਇਨ੍ਹਾਂ ਨੂੰ ਹਮੇਸ਼ਾ ਹੀ ਨੀਵੀਂ ਜਾਤ ਦੇ ਹੋਣ ਕਰਕੇ ਵਿੱਦਿਆ ਵਰਗੇ ਗਹਿਣੇ ਤੋਂ ਮਹਿਰੂਮ ਰੱਖਿਆ ਗਿਆ। ਇਤਿਹਾਸ ਵਿਚੋਂ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਕਿ ਜਦੋਂ ਸ਼ੂਦਰ ਜਾਤੀ ਦਾ ਕੋਈ ਇਨਸਾਨ ਕਿਸੇ ਧਾਰਮਕ ਗ੍ਰੰਥ ਜਾਂ ਵੇਦਾਂ ਜਾਂ ਸ਼ਾਸਤਰਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦਾ ਤਾਂ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਜਾਂਦੀਆਂ ਤੇ ਜੀਭ ਕੱਟ ਦਿੱਤੀ ਜਾਂਦੀ ਸੀ। ਜੇ ਉਹ ਇਨ੍ਹਾਂ ਗ੍ਰੰਥਾਂ, ਵੇਦਾਂ, ਸ਼ਾਸਤਰਾਂ ਨੂੰ ਸੁਣ ਲੈਂਦਾ ਤਾਂ ਉਸ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਂਦਾ ਸੀ। ਇਸ ਤਰ੍ਹਾਂ ਸਦੀਆਂ ਤੋਂ ਦਲਿਤ ਲੋਕਾਈ ਅਖੌਤੀ ਜਾਤੀ-ਜਮਾਤੀ ਵੰਡ ਕਾਰਨ ਦਰੜੀ/ਨਪੀੜੀ ਜਾਂਦੀ ਰਹੀ ਹੈ। ਜੱਟ ਵਰਗ ਭੂਮੀ ਦਾ ਮਾਲਕ ਹੋਣ ਕਾਰਨ ਆਰਥਿਕ ਤੌਰ 'ਤੇ ਮਜ਼ਬੂਤ ਹੋ ਗਿਆ ਤੇ ਉਹ ਵੀ ਇਲੀਟ ਵਰਗ ਵਿਚ ਵਟ ਗਿਆ। ਬਾਕੀ ਸ਼ੂਦਰ ਵਰਗ ਆਰਥਕ ਪੱਖੋਂ ਹੀਣਾ ਹੋਣ ਕਾਰਨ ਦੱਬਿਆ/ਕੁਚਲਿਆ ਦਲਿਤ ਵਰਗ ਬਣ ਗਿਆ।

ਬੇਸ਼ਕ ਸਮਾਜ ਸੁਧਾਰਕਾਂ, ਧਾਰਮਕ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ ਤੇ ਜਤਨਾਂ ਸਦਕਾ ਭਾਰਤੀ ਜਾਤ-ਪਾਤੀ ਕੋਹੜ ਦਾ ਅਸਰ ਰੱਤੀ ਭਰ ਘਟਿਆ ਪਰ ਬਿਲਕੁਲ ਖ਼ਤਮ ਨਹੀਂ ਹੋਇਆ। ਪੰਜਾਬ ਵਿਚ ਵੀ ਬਾਬੇ ਨਾਨਕ ਵਰਗੇ ਸਮਾਜ ਸੁਧਾਰਕਾਂ ਨੇ ਸਿੱਖ ਧਰਮ ਦੀ ਸਥਾਪਨਾ ਇਸੇ ਆਸ਼ੇ ਨਾਲ ਕੀਤੀ ਸੀ ਕਿ ਭਾਰਤ ਵਿਚੋਂ ਜਾਤੀ-ਜਮਾਤੀ ਵੰਡ ਨੂੰ ਮੇਟਿਆ ਜਾ ਸਕੇ। ਪਰ ਜਾਤੀ-ਪਾਤੀ ਸਮੱਸਿਆ ਅੱਜ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ। ਜੇ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਨਜ਼ਰਸਾਨੀ ਕੀਤੀ ਜਾਵੇ ਤਾਂ ਇਹ ਗੱਲ ਬੜੇ ਜ਼ੋਰ ਨਾਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਿੱਖ ਧਰਮ ਦੀ ਸਥਾਪਤੀ ਵਿਚ ਦਲਿਤ ਵਰਗ ਦੇ ਸ਼ਹੀਦਾਂ ਦਾ ਅਹਿਮ ਯੋਗਦਾਨ ਰਿਹਾ ਹੈ। ਪਰ ਉੱਚ ਜਾਤੀ ਦੇ ਅਵੇਤਨ ਵਿਚ ਪਏ ਜਾਤ-ਪਾਤੀ ਕੋਹੜ ਨੇ ਦਲਿਤ ਸ਼ਹੀਦਾਂ ਨੂੰ ਸਿੱਖ ਇਤਿਹਾਸ ਦੇ ਪੰਨਿਆਂ ਤੋਂ ਮਨਫ਼ੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਭਾਈ ਜੈਤਾ ਜੀ ਨੂੰ ਸਿੱਖ ਕੌਮ ਖ਼ਾਤਰ ਆਪਣਾ ਪਰਿਵਾਰ ਤੇ ਸਰਬੰਸ ਵਾਰਨ ਕਰਕੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਖ਼ਿਤਾਬ ਦਿੱਤਾ ਪਰ ਸਿੱਖ ਵਿਰੋਧੀ ਉੱਚ ਜਾਤੀਆਂ ਨੇ ਦਲਿਤ ਹੋਣ ਕਾਰਨ ਭਾਈ ਜੈਤਾ ਜੀ ਦਾ ਕਦੇ ਨਾਮ ਹੀ ਨਹੀਂ ਲਿਆ। ਇਸੇ ਕਰਕੇ ਸਿੱਖ ਇਤਿਹਾਸ ਤੋਂ ਜਾਣੂੰ ਹਥਲੀ ਕਹਾਣੀ ਦਾ ਪਾਤਰ ਮਾਸਟਰ ਆਖਦਾ ਹੈ:

> "...ਭਾਈ ਜੈਤਾ ਜੇ ਉੱਚੀ ਜਾਤ ਦਾ ਹੁੰਦਾ-ਉਹਦੀ ਕਦਰ ਦੁਗਣੀ ਪੈਣੀ ਸੀ—ਗੁਰੂ ਗੋਬਿੰਦ ਸਿੰਘ ਨੇ ਸੱਤ ਮੈਂਬਰ ਕੌਮ ਲਈ ਵਾਰੇ ਸਨ...ਤੇ ਭਾਈ ਜੈਤਾ ਉਨ੍ਹਾਂ ਦਾ ਸਿੱਖ ਵੀ ਘੱਟ ਨਹੀਂ ਸੀ...ਉਹਨੇ ਵੀ ਗਿਆਰ੍ਹਾਂ ਜੀਅ ਵਾਰੇ...ਪਰ ਹੁਣ ਉਹਦਾ ਨਾਂ ਵੀ ਮਸਾਂ ਹੀ ਲੈਂਦੇ ਐ...ਵੇਖੋ ਧਰਮ 'ਚ ਵੀ ਜਾਤਾਂ-ਪਾਤਾਂ ਦੀ ਵੰਡ ਹੋ ਗਈ...।"
>
> (ਉਹੀ, ਪੰਨਾ 73)

ਕਹਾਣੀ ਇਥੇ ਹੀ ਚੁੱਪ ਨਹੀਂ ਕਰਦੀ ਸਗੋਂ ਸਿੱਖ ਵਿਰੋਧੀ ਜੱਟਾਂ ਵੱਲੋਂ ਦਲਿਤ ਸਿੱਖਾਂ ਨੂੰ ਸਿੱਖ ਧਰਮ ਅਤੇ ਸਿੱਖ ਰਾਜਨੀਤੀ ਤੋਂ ਪਰ੍ਹਾਂ ਹਾਸ਼ੀਆ 'ਤੇ ਧੱਕਣ ਦੇ ਮਨਸੂਬਿਆਂ ਦਾ ਬਿਰਤਾਂਤ ਵੀ ਸਿਰਜਦੀ ਹੈ। ਕਹਾਣੀ ਇਤਿਹਾਸ ਵਿਚ ਪਈਆਂ ਉਨ੍ਹਾਂ ਕੋਝੀਆਂ ਚਾਲਾਂ ਨੂੰ ਵੀ ਰਜਿਸਟਰ ਕਰਦੀ ਹੈ ਜਿਨ੍ਹਾਂ ਸਦਕਾ ਸਿੱਖ ਵਿਰੋਧੀ ਅਖੌਤੀ ਉੱਚ ਜਾਤਾਂ ਨੇ ਦਲਿਤਾਂ ਨੂੰ ਸਿੱਖ ਧਰਮ ਅਤੇ ਰਾਜਨੀਤੀ ਤੋਂ ਮਹਿਰੂਮ ਰੱਖਿਆ। ਇਸੇ ਪ੍ਰਸੰਗ ਵਿਚ ਕਹਾਣੀ ਦੇ ਹੇਠ ਲਿਖੇ

ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ :

"...ਫੇਰ ਉਸ ਨੇ ਬਾਬੇ ਬੀਰ-ਧੀਰ ਦਾ ਇਤਿਹਾਸ ਛੇੜ ਲਿਆ...ਕਹਿੰਦਾ—ਮਿਸਲਾਂ ਨੂੰ ਬਣਾਉਣ ਵਕਤ ਇਹਨਾਂ ਨੇ ਰੌਲਾ ਪਾਇਆ ਸੀ...ਅਖੇ ਇਹ ਤਾਂ ਰਾਜ ਸੱਤਾ ਵਾਲਾ ਕੰਮ ਹੋ ਜਾਊ...ਅਸੀਂ ਨੀ ਇਹਨਾਂ ਦੇ ਹੱਕ 'ਚ। ਉਸ ਵੇਲੇ ਦੇ ਜਥੇਦਾਰ ਨੇ ਬੀਰ ਸਿੰਘ-ਧੀਰ ਸਿੰਘ ਦੇ ਜੱਥੇ ਨੂੰ ਅਫ਼ਗਾਨਿਸਤਾਨ ਦੀ ਸਰਹੱਦ ਵੱਲ ਤੋਰ ਦਿੱਤਾ...ਅਖੇ ਮੁਗਲਾਂ ਦੇ ਹਮਲੇ ਕਰਨ ਦੀ ਖ਼ਬਰ ਐ...ਪੰਥ ਦੀ ਰਾਖੀ ਕਰੋ...ਸਰਹੱਦ 'ਤੇ ਜੱਥਾ ਲੈ ਕੇ ਜਾਓ...ਮਗਰੋਂ ਮਿਸਲਾਂ ਬਣਾ ਕੇ ਸਾਰੇ ਆਪੋ-ਆਪਣੇ ਜੱਥਿਆਂ ਦੇ ਸਰਦਾਰ ਬਣ ਗਏ...ਬਾਅਦ ਵਿਚ ਬਾਬਿਆਂ ਨੂੰ ਸੱਦਾ ਦਿੱਤਾ ਅਖੇ ਅੰਬਰਸਰ ਜੱਥੇ ਨੂੰ ਪਹੁੰਚਣ ਦਾ ਹੁਕਮ ਐ...ਮੁਗਲਾਂ ਦੇ ਹਮਲੇ ਦਾ ਡਰ ਐ...ਸਾਰੇ ਪਹਿਲਾਂ ਤਰਨਤਾਰਨ 'ਕੱਠੇ ਹੋਵੋ...ਤਰਨਤਾਰਨ ਜੱਥੇ ਦੇ ਪਹੁੰਚਣ ਤੋਂ ਬਾਅਦ ਪੰਜ-ਪੰਜ ਦੇ ਟੋਲੇ ਬਣਾ ਕੇ ਅੰਬਰਸਰ ਵੱਲ ਤੋਰਿਆ ਗਿਆ...ਪਰ ਪਹੁੰਚਿਆ ਉੱਥੇ ਜੱਥੇ ਦਾ ਇਕ ਵੀ ਜਣਾ ਨਾ...ਵੇਖਿਆ ਇਤਿਹਾਸ 'ਚ ਇਸ ਕਾਰੇ 'ਤੇ ਜਮ੍ਹਾਂ ਹੀ ਚੁੱਪ ਵੱਟ ਲਈ ਗਈ।" (ਉਹੀ, ਪੰਨਾ 73)

ਇਉਂ ਕਹਾਣੀ ਪੰਜਾਬ ਵਿਚ ਸਿੱਖ ਧਰਮ ਦੀ ਇਤਿਹਾਸਕ ਪਰੰਪਰਾ ਵਿਚ ਦਲਿਤ ਵਰਗ ਨੂੰ ਕੰਮੀ-ਕਮੀਨ ਤੱਕ ਘਟਾ ਕੇ ਰੱਖਣ ਦੇ ਮਨਸੂਬਿਆਂ ਨੂੰ ਵੀ ਬੇਪਰਦ ਕਰਦੀ ਹੈ। ਇਹ ਮਨਸੂਬੇ ਅੱਜ ਵੀ ਜਿਉਂ ਦੀ ਤਿਉਂ ਦਲਿਤ ਲੋਕਾਈ ਦੇ ਸ਼ੋਸ਼ਣ ਦਾ ਟੂਲ ਬਣੇ ਹੋਏ ਹਨ। ਇਹਨਾਂ ਮਨਸੂਬਿਆਂ ਦੀ ਚੱਕੀ ਦੇ ਪੁੜਾਂ ਵਿਚ ਪਿਸਦਾ ਹੋਇਆ ਪੇਂਡੂ ਦਲਿਤ ਵਰਗ ਕੁਰਲਾ ਰਿਹਾ ਹੈ। ਉਸ ਨੂੰ ਭਵਿੱਖ ਵਿਚ ਵੀ ਇਸ ਸ਼ੋਸ਼ਣ ਤੋਂ ਨਿਜ਼ਾਤ ਮਿਲਣ ਦੀ ਕੋਈ ਆਸ ਨਜ਼ਰ ਨਹੀਂ ਆ ਰਹੀ। ਪਿੰਡਾਂ ਵਿਚ ਕੰਮੀ-ਕਮੀਨ ਦੀ ਹੈਸੀਅਤ ਤੱਕ ਘਟਿਆ ਦਲਿਤ ਵਰਗ ਦੂਹਰੀ ਮਾਰ ਝਲਦਾ ਹੋਇਆ ਨਜ਼ਰ ਹੈ।

ਹਵਲੀ ਕਹਾਣੀ ਇਸ ਮੁੱਦੇ ਨੂੰ ਬੜੇ ਜ਼ੋਰ-ਸ਼ੋਰ ਨਾਲ ਉਠਾਉਂਦੀ ਹੈ ਕਿ ਦਲਿਤ ਵਰਗ ਵਿੱਚੋਂ ਅੱਗੇ ਉਪਰਲਾ ਦਲਿਤ ਵਰਗ ਅਤੇ ਹੇਠਲਾ ਦਲਿਤ ਵਰਗ ਬਣ ਗਿਆ ਹੈ। ਦਲਿਤਾਂ ਵਿਚੋਂ ਪੜ੍ਹ-ਲਿਖ ਕੇ ਨੌਕਰੀਆਂ ਕਰਕੇ ਆਰਥਕ ਤੌਰ 'ਤੇ ਖ਼ੁਸ਼ਹਾਲ ਹੋਇਆ ਵਰਗ ਆਪਣੇ ਆਪ ਨੂੰ ਉਪਰਲਾ ਦਲਿਤ ਵਰਗ ਆਖਦਾ ਹੈ। ਇਹ ਵਰਗ ਵੀ ਦੂਜੀਆਂ ਅਖੌਤੀ ਸਵਰਨ ਜਾਤੀਆਂ ਵਾਂਗ ਹੀ ਹੇਠਲੇ ਦਲਿਤ ਵਰਗ (ਕੰਮੀ-ਕਮੀਨ) ਨੂੰ ਨਫ਼ਰਤ ਕਰਦਾ ਹੈ। ਉਹਨਾਂ ਨਾਲ ਬਰਾਬਰ ਬੈਠਣ ਵਿਚ ਵੀ ਆਪਣੀ ਹੱਤਕ ਸਮਝਦਾ ਹੈ। ਹਥਲੀ ਕਹਾਣੀ ਵਿਚ ਵੀ ਅਸੀਂ ਦੇਖਦੇ ਹਾਂ ਕਿ ਦਲਿਤ ਵਰਗ ਵਿਚੋਂ ਮਾਸਟਰ ਲੱਗਿਆ ਪਾਤਰ ਦਲਿਤ ਵਰਗ ਦੇ ਹੀ ਖੇਤ ਮਜ਼ਦੂਰਾਂ 'ਮਾੜੇ' ਅਤੇ 'ਪਾਲੇ' ਨਾਲ ਜੱਟਾਂ ਵਾਲਾ ਹੀ ਦੁਰ-ਵਿਵਹਾਰ ਕਰਦਾ ਹੈ। ਮਾਸਟਰ ਵੱਲੋਂ ਕੀਤੇ ਜਾਂਦੇ ਅਜਿਹੇ ਵਿਵਹਾਰ ਤੋਂ ਹੀ ਦੁਖੀ ਹੋਇਆ ਪਾਲਾ, ਮਾੜੇ ਨੂੰ ਆਖਦਾ ਹੈ :

"ਓਏ ਮਾੜਿਆ...ਮਾਸਟਰ ਨੂੰ ਆਉਂਦੀਐਂ ਗੱਲਾਂ...ਹੁਣ ਵਿਹੜੇ ਦਾ ਸਰਦਾਰ ਬਣਿਆ ਬੈਠੇ...ਇਹ ਅਪਣੀ ਔਕਾਤ ਭੁੱਲ ਜਾਂਦੇ ਐ...ਤੂੰ ਦੱਸ ਕਿੰਨੇ ਵਾਰ ਗਿਐਂ ਇਹਦੇ ਘਰ...ਕਦੇ ਬਰਾਬਰ ਕੁਰਸੀ 'ਤੇ ਬਿਠਾਇਆ ਇਹਨੇ...।" (ਉਹੀ ਪੰਨਾ)

ਆਪਣੇ ਆਪ ਨੂੰ ਸਵਰਨ ਜਾਤੀਆਂ ਦੇ ਉੱਚ ਵਰਗਾਂ ਨਾਲ ਮੇਲਦੇ-ਮੇਲਦੇ ਇਸ ਨੌਕਰੀਪੇਸ਼ਾ ਉਪਰਲੇ ਦਲਿਤ ਵਰਗ ਦਾ ਸੰਕਟ ਇਹ ਹੈ ਕਿ ਇਹ 'ਨਾ ਹੰਸਾਂ ਸੰਗ ਰਹਿੰਦਾ

ਹੈ ਨਾ ਕਾਗਾਂ ਸੰਗ'। ਆਰਥਕ ਪੱਖੋਂ ਮਜ਼ਬੂਤ ਹੋਣ ਕਰਕੇ ਇਹ ਆਪਣੇ ਆਰਥਕ ਪੱਖੋਂ ਹੀਣੇ ਭਾਈਚਾਰੇ ਨਾਲੋਂ ਨਾਤਾ ਤੋੜ ਲੈਂਦਾ ਹੈ ਤੇ ਅਖੌਤੀ ਸਵਰਨ ਜਾਤੀਆਂ ਦੇ ਲੋਕ ਆਪਣੇ ਜਾਤੀ-ਪਾਤੀ ਪਰੰਪਰਕ ਅਵਚੇਤਨ ਕਰਕੇ ਉਸ ਨੂੰ ਅਪਣੇ ਸੰਗ ਰਲਣ ਨਹੀਂ ਦਿੰਦੇ। ਇੱਥੇ ਆ ਕੇ ਵੀ ਚਾਹੇ ਉਹ ਆਰਥਕ ਪੱਖੋਂ ਖ਼ੁਸ਼ਹਾਲ ਹੋ ਜਾਂਦਾ ਹੈ ਪਰ ਜਾਤੀ-ਭੇਦਭਾਵ ਉਸ ਦੇ ਸ਼ੋਸ਼ਣ ਦਾ ਕਾਰਨ ਬਣਿਆ ਰਹਿੰਦਾ ਹੈ। ਹਥਲੀ ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਪਿੰਡ ਦੇ ਜੱਟਾਂ ਦੁਆਰਾ ਜਾਤੀ ਭੇਦਭਾਵ ਕਾਰਨ ਹੀ ਮਾਸਟਰ ਨੂੰ ਸੰਕਟ ਵਿਚ ਪਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਪਿੰਡਾਂ ਵਿਚ ਦਲਿਤ ਵਰਗ ਆਰਥਕ ਤੌਰ 'ਤੇ ਮਜ਼ਬੂਤ ਹੋਣ ਦੇ ਬਾਵਜੂਦ ਵੀ ਜੱਟਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। ਪਰ 'ਮਾੜੇ' ਵਰਗੇ ਆਰਥਕ ਪੱਖੋਂ ਹੀਣੇ ਦਲਿਤਾਂ ਦਾ ਸੰਕਟ ਬਹੁਤ ਵੱਡਾ ਸੰਕਟ ਹੈ। ਇਕ ਅੱਤ ਦੀ ਗਰੀਬੀ ਤੇ ਦੂਜੀ ਬਿਮਾਰੀ ਵਿਚ ਉਸ ਨੂੰ ਆਪਣੀਆਂ ਤਿੰਨ ਧੀਆਂ ਸਮੇਤ ਜੂਨ ਕੱਟਣੀ ਵੀ ਔਖੀ ਹੋ ਜਾਂਦੀ ਹੈ। 'ਮਾੜੇ' ਵਰਗੇ ਦਲਿਤਾਂ ਲਈ ਜ਼ਿੰਦਗੀ, ਮਨੁੱਖੀ ਜ਼ਿੰਦਗੀ ਬਣ ਕੇ ਨਹੀਂ ਆਉਂਦੀ ਸਗੋਂ ਕੀੜੇ-ਮਕੌੜਿਆਂ ਵਰਗੀ ਜੂਨ ਬਣ ਕੇ ਆਉਂਦੀ ਹੈ। ਜੇਕਰ ਲੋਕਪੱਖੀ ਸਰਕਾਰਾਂ ਦਲਿਤਾਂ ਲਈ ਕੋਈ ਮਾੜੀਆਂ-ਮੋਟੀਆਂ ਸਹੂਲਤਾਂ ਦੇਣ ਲਈ ਪੈਸਾ-ਧੇਲਾ ਦਿੰਦੀਆਂ ਵੀ ਹਨ ਤਾਂ ਪਿੰਡ ਵਿਚਲੇ ਇਹਨਾਂ ਸਰਕਾਰਾਂ ਦੇ ਮੋਹਤਬਰ (ਜੱਟ) ਲੋਕ ਹੀ ਛਕ ਜਾਂਦੇ ਹਨ ਤੇ ਦਲਿਤ ਵਿਚਾਰੇ ਉਵੇਂ ਦੇ ਉਵੇਂ ਹੀ ਰਹਿ ਜਾਂਦੇ ਹਨ। ਹਥਲੀ ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਪਿੰਡ ਵਿਚ ਦਲਿਤਾਂ ਦੇ ਘਰਾਂ ਵਿਚ ਫ਼ਲੱਸ਼ਾਂ ਬਣਾਉਣ ਲਈ ਗ੍ਰਾਂਟ ਪੰਚਾਇਤ ਕੋਲੇ ਅਉਂਦੀ ਹੈ, ਪਰ ਪਿੰਡ ਦੀ ਪੰਚਾਇਤ ਆਪ ਹੀ ਛਕ ਜਾਂਦੀ ਹੈ। ਫ਼ਲੱਸ਼ ਲਈ ਪੁੱਟਿਆ ਟੋਆ ਮਾੜੇ ਦੇ ਘਰ ਵਿਚ ਉਵੇਂ ਹੀ ਪਿਆ ਰਹਿੰਦਾ ਹੈ। ਮਾੜਾ ਹੁਣ ਇਸ ਟੋਏ ਨੂੰ ਕਿਸੇ ਹੋਰ ਫਾਇਦੇ ਲਈ ਵਰਤਣਾ ਚਾਹੁੰਦਾ ਹੈ ਤਾਂ ਕਿ ਉਸ ਦੀ ਗਰੀਬੀ ਤੇ ਕੰਗਾਲੀ ਭਰੀ ਜੂਨ ਸ਼ਾਇਦ ਜ਼ਿੰਦਗੀ ਵਿਚ ਬਦਲ ਜਾਵੇ। ਕਹਾਣੀ ਕਿਸੇ ਅਜਿਹੇ ਆਸ਼ੇ ਵੱਲ ਹੀ ਸੰਕੇਤ ਕਰਦੀ ਜਾਪਦੀ ਹੈ। ਮਾੜਾ ਆਖਦਾ ਹੈ :

> "ਦੋ ਤਿੰਨ ਦਿਨਾਂ ਤੋਂ ਮੈਂ ਟੋਏ ਵੱਲ ਜ਼ਿਆਦਾ ਧਿਆਨ ਦੇਣ ਲੱਗ ਪਿਆਂ। ਪਹਿਲਾਂ ਮੈਂ ਹੋਰ ਤਰ੍ਹਾਂ ਦੀ ਸੋਚਦਾ ਰਹਿੰਦਾ ਸੀ ਕਿ ਟੋਏ ਨੂੰ ਮਿੱਟੀ ਨਾਲ ਭਰ ਦੇਵਾਂ। ਸਰਕਾਰੂ ਗਰਾਂਟ ਤਾਂ ਹੁਣ ਆਉਣੋ ਈ ਰਹੀ। ਮਿੰਦਰ ਸਾਲਾ ਗਪੌੜੀ ਨਿਕਲਿਆ। ਅੰਦਰੋਂ ਖਾਰ ਰੱਖ ਗਿਆ ਮੇਰੇ 'ਤੇ। ਚੱਲੋ ਕੋਈ ਨੀ ਮਾੜਿਆ ਅਜੇ ਆਪਾਂ ਇੰਨੇ ਨੀ ਮਾੜੇ। ਬਣੂੰ ਕੁਜ ਨਾ ਕੁਜ ਤਾਂ।" (ਉਹੀ, ਪੰਨਾ 70)

ਇਹ ਬਿਰਤਾਂਤਕ ਵੇਰਵੇ ਅਧਿਐਨ ਅਧੀਨ ਕਹਾਣੀ ਦੇ ਸ਼ੁਰੂ ਵਿਚ ਹੀ ਆਉਂਦੇ ਹਨ। ਕਹਾਣੀ ਦੇ ਪਹਿਲੇ ਹੀ ਵਾਕ ਵਿਚ ਵਰਤਿਆ ਸ਼ਬਦ 'ਜੁਗਤ' ਵੀ ਇਹਨਾਂ ਬਿਰਤਾਂਤਕ ਵੇਰਵਿਆਂ ਨਾਲ ਹੀ ਅੰਤਰ-ਸੰਬੰਧਤ ਨਜ਼ਰ ਆਉਂਦਾ ਹੈ। ਕਹਾਣੀ 'ਮਾੜੇ' ਵਰਗੇ ਦਲਿਤ ਦੀ ਕੰਗਾਲੀ ਨੂੰ ਦੂਰ ਕਰਨ ਦੀ 'ਜੁਗਤ' ਦਾ ਪ੍ਰਤੱਖ ਪ੍ਰਦਰਸ਼ਨ ਨਹੀਂ ਕਰਦੀ ਸਗੋਂ ਅਪ੍ਰਤੱਖ ਰੂਪ ਵਿਚ ਸੰਕੇਤ ਕਰਦੀ ਹੈ। ਕਹਾਣੀ ਦੇ ਸ਼ੁਰੂ ਵਿਚ 'ਮਾੜੇ' ਦੇ ਘਰ ਵਿਚ ਫ਼ਲੱਸ਼ ਲਈ ਪੁੱਟਿਆ ਟੋਇਆ ਕਿਵੇਂ ਮਾੜੇ ਦੀ ਕੰਗਾਲੀ ਨੂੰ ਹੂੰਝ ਦੇਵੇਗਾ ਇਹ ਪਾਠਕ ਨੂੰ ਅਚੰਭਿਤ ਤਾਂ ਕਰਦਾ ਹੈ ਪਰ ਉਸ ਅੰਦਰ ਲਗਾਤਾਰ ਇਸ ਨੂੰ ਜਾਣਨ ਦੀ ਉਤਸੁਕਤਾ ਬਣੀ ਰਹਿੰਦੀ ਹੈ। ਕਹਾਣੀ ਵਰਤਮਾਨ ਵਿਚ ਜਿਸ ਬਿੰਦੂ ਤੋਂ ਸ਼ੁਰੂ ਹੁੰਦੀ ਹੈ ਭੂਤਕਾਲ ਵਿਚ ਫੈਲਦੀ ਹੋਈ ਵਰਤਮਾਨ ਕਾਲ ਵਿਚ ਉਸੇ ਬਿੰਦੂ 'ਤੇ ਆ ਕੇ ਚਮਕਾਰੇ ਵਾਂਗ ਲਿਸ਼ਕਦੀ ਹੋਈ ਪਾਠਕ ਦੇ ਧੁਰ ਅੰਦਰ ਰੌਸ਼ਨੀ

ਕਰ ਜਾਂਦੀ ਹੈ। ਕਹਾਣੀ ਦੇ ਸ਼ੁਰੂ ਤੋਂ ਬਣਿਆ 'ਜੁਗਤ' ਦਾ ਰਹੱਸ ਕਹਾਣੀ ਦੇ ਅੰਤ 'ਤੇ ਆ ਕੇ ਕਟਾਖ਼ਸ਼ਮਈ ਤਰੀਕੇ ਨਾਲ ਖੁੱਲ੍ਹ ਜਾਂਦਾ ਹੈ। ਇਹ ਰਹੱਸ ਦਲਿਤ ਲੋਕਾਈ ਦੀ ਇਕ ਹੋਰ ਬਹੁਤ ਵੱਡੀ ਤ੍ਰਾਸਦੀ ਨੂੰ ਪਾਠਕ ਦੇ ਸਨਮੁੱਖ ਕਰ ਜਾਂਦਾ ਹੈ। ਭਾਰਤੀ ਲੋਕਾਂ ਦਾ ਇਹ ਖ਼ਾਸਾ ਰਿਹਾ ਹੈ ਕਿ ਇਹ ਆਪਣੀ ਔਲਾਦ ਦੀ ਸਲਾਮਤੀ ਲਈ ਹਰ ਕਸ਼ਟ ਨੂੰ ਸਹਿਣ ਲਈ ਤਿਆਰ ਰਹਿੰਦੇ ਸਨ ਤੇ ਰਹਿੰਦੇ ਵੀ ਹਨ। ਪਰ ਹਥਲੀ ਕਹਾਣੀ ਸੰਕੇਤ ਕਰਦੀ ਹੈ ਕਿ ਅਤਿ ਦੀ ਗ਼ਰੀਬੀ ਤੇ ਕੰਗਾਲੀ ਦੀ ਜਕੜ ਵਿਚ ਆਇਆ ਭਾਰਤੀ ਬੰਦਾ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਹੁਣ ਭਾਰਤੀ ਬੰਦੇ ਦੇ ਜਿਹਨੀ ਧਰਾਤਲਾਂ ਦੇ ਸਮੀਕਰਨ ਬਦਲਣ ਤਾਂ ਲੱਗੇ ਹਨ ਪਰ ਪਰੰਪਰਾ ਉਸਦਾ ਪਿੱਛਾ ਨਹੀਂ ਛੱਡਦੀ। ਹੁਣ ਉਹ ਆਪਣੀ ਗ਼ਰੀਬੀ ਤੇ ਕੰਗਾਲੀ ਨੂੰ ਦੂਰ ਕਰਨ ਲਈ ਕੋਈ ਵੀ ਹੱਥ ਕੰਡਾ ਵਰਤਣਾ ਚਾਹੁੰਦਾ ਹੈ, ਇਥੋਂ ਤੱਕ ਕਿ ਆਪਣੀ ਔਲਾਦ ਨੂੰ ਇਸ ਦੇ ਬਦਲ ਵਜੋਂ ਵੇਖਦਾ ਹੈ। ਹਥਲੀ ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ 'ਮਾੜਾ' ਜਿਸ ਗਰੀਬੀ ਤੇ ਕੰਗਾਲੀ ਦੀ ਦਲਦਲ ਵਿਚ ਫਸਿਆ ਹੋਇਆ ਹੈ ਉਸ ਨੂੰ ਇਸ ਵਿਚੋਂ ਨਾ ਤਾਂ ਸਰਕਾਰਾਂ ਦੀਆਂ ਨੀਤੀਆਂ ਕੱਢ ਸਕਦੀਆਂ ਹਨ ਤੇ ਨਾ ਹੀ ਉਹ ਆਪ ਬਿਮਾਰ ਹੋਣ ਕਾਰਨ ਖੇਤਾਂ ਵਿਚ ਕੰਮ ਕਰਕੇ ਤੇ ਇਥੋਂ ਤੱਕ ਕਿ ਮੰਗਤਾ ਬਣ ਕੇ ਵੀ ਨਹੀਂ ਨਿਕਲ ਸਕਿਆ। ਹੁਣ ਉਹ ਫਲੱਸ਼ ਲਈ ਪੁੱਟੇ ਟੋਏ ਵਿਚ ਆਪਣੀ ਛੋਟੀ ਧੀ 'ਨਿੱਕੀ' ਨੂੰ ਸਿੱਟ ਕੇ ਲੋਕਾਂ ਤੇ ਸਰਕਾਰ ਵੱਲੋਂ ਪੈਸਾ ਇਕੱਠਾ ਕਰਨਾ ਚਾਹੁੰਦਾ ਹੈ ਤਾਂ ਕਿ ਉਸ ਦੀਆਂ ਬਾਕੀ ਦੀਆਂ ਧੀਆਂ ਦੀ ਜੂਨ ਸੁਧਰ ਸਕੇ। ਇਸੇ ਪ੍ਰਸੰਗ ਵਿਚ ਮਾੜੇ ਵੱਲੋਂ ਬੋਲੇ ਇਹ ਸ਼ਬਦ ਧਿਆਨ ਦੀ ਮੰਗ ਕਰਦੇ ਹਨ:

> "ਟੀ.ਵੀ. ਬਾਰੇ ਸੁਣ ਮੇਰੀ ਜੁਗਤ ਫਿਰ ਉੱਛਲਣ ਲੱਗ ਪਈ ਐ। ਉਸ ਦਿਨ ਵੀ ਪਾਲੇ ਦੇ ਘਰ ਟੀ.ਵੀ. ਚੱਲਦਾ ਸੀ। ਕਿਸੇ ਦਾ ਬੱਚਾ ਡਿੱਗਾ ਸੀ ਟੋਏ 'ਚ, ਲੋਕਾਂ ਦਾ 'ਕੱਠ ਹੀ 'ਕੱਠ। ਖ਼ਬਰਾਂ ਵਾਲੀ ਕੁੜੀ ਦੱਸਦੀ ਸੀ ਕਿ ਲੋਕਾਂ ਨੇ ਉਸ ਬੱਚੇ ਲਈ ਕਿੰਨਾ ਰੁਪਇਆ 'ਕੱਠਾ ਕਰ ਦਿੱਤਾ ਹੈ। ਗ਼ਰੀਬ ਘਰ ਦਾ ਮੁੰਡਾ ਸੀ ਉਹ।"—"ਮੈਂ ਵੀ ਤਾਂ ਗਰੀਬ ਈ ਆਂ।" ਮੇਰੇ ਮਨ 'ਚ ਵੀ ਜੁਗਤ ਆਉਣ ਲੱਗ ਪਈ ਸੀ। ਮੈਂ ਵੀ ਆਪਣੀਆਂ ਕੁੜੀਆਂ ਬਾਰੇ ਸੋਚਣ ਲੱਗ ਪਿਆ ਸਾਂ। ਸ਼ਿੰਦੋ! ਨਹੀਂ ਸ਼ਿੰਦੋ ਬਹੁਤ ਵੱਡੀ ਹੈ। ਮੀਤੋ, ਵੀ ਨਹੀਂ ਠੀਕ ਰਹਿਣੀ। ਨਿੱਕੀ ਹੀ ਠੀਕ ਰਹੂ। ਮੈਂ ਵੀ ਉਧੇੜ ਬੁਣ 'ਚੋਂ ਲੱਗ ਗਿਆ ਸਾਂ।" (ਉਹੀ, ਪੰਨਾ 76)

ਇਊਂ ਇਹ ਕਹਾਣੀ ਆਪਣਾ ਵਿਸ਼ਾ-ਵਸਤੂ ਹਰਿਆਣੇ ਵਿਚ ਵਾਪਰੀ ਇਕ ਘਟਨਾ ਤੋਂ ਲੈਂਦੀ ਹੈ ਜਿਸ ਵਿਚ ਪ੍ਰਿੰਸ ਨਾਂ ਦਾ ਦਲਿਤ ਬੱਚਾ ਟਿਊਬਵੈਲ ਲਾਉਣ ਲਈ ਪੁੱਟੇ ਡੂੰਘੇ ਟੋਏ ਵਿਚ ਡਿੱਗ ਪਿਆ ਸੀ। ਮੀਡੀਏ ਦੁਆਰਾ ਕੀਤੀ ਕਵਰੇਜ ਅਤੇ ਹਰਿਆਣੇ ਵਿਚ ਵੋਟਾਂ ਦਾ ਸੀਜ਼ਨ ਹੋਣ ਕਰਕੇ ਸਰਕਾਰ ਅਤੇ ਲੋਕਾਂ ਨੇ ਉਸਦੇ ਪਰਿਵਾਰ ਦੀ ਆਰਥਿਕ ਮਦਦ ਕੀਤੀ ਸੀ। ਇਸੇ ਤਰ੍ਹਾਂ ਹਥਲੀ ਕਹਾਣੀ ਵਿਚ ਕਹਾਣੀਕਾਰ ਉਸ ਘਟਨਾ ਨੂੰ ਪਿੱਠਭੂਮੀ ਵਿਚ ਰੱਖ ਕੇ ਪੰਜਾਬ ਦੇ ਪਿੰਡਾਂ ਵਿਚ ਅਤਿ ਦੀ ਗ਼ਰੀਬੀ ਤੇ ਕੰਗਾਲੀ ਵਿਚ ਗਲਤਾਨ ਦਲਿਤ ਲੋਕਾਈ ਦੇ ਜਿਹਨੀ ਧਰਾਤਲਾਂ ਨੂੰ ਪਾਠਕਾਂ ਦੇ ਸਨਮੁਖ ਕਰਦਾ ਹੈ। ਕਹਾਣੀ ਭਾਰਤ ਦੇ ਅਖੌਤੀ ਲੋਕਤੰਤਰੀ ਢਾਂਚੇ 'ਤੇ ਵੀ ਕਟਾਖ਼ਸ਼ ਕਰਦੀ ਹੈ, ਜਿਸ ਵਿਚ ਆਮ ਲੋਕਾਂ ਨੂੰ ਕੋਈ ਪ੍ਰਤੀਨਿਧਤਾ ਨਹੀਂ ਮਿਲਦੀ ਸਗੋਂ ਉਹ ਦਿਨੋ-ਦਿਨ ਹਾਸ਼ੀਏ 'ਤੇ ਧੱਕੇ ਜਾ ਰਹੇ ਹਨ। ਇਹ ਭਾਰਤੀ ਅਖੌਤੀ ਲੋਕਤੰਤਰ ਦੀਆਂ ਹੀ ਅਲਾਮਤਾਂ ਹਨ ਕਿ ਮਾੜੇ ਵਰਗੇ ਦਲਿਤਾਂ ਨੂੰ ਗਰੀਬੀ ਤੇ ਕੰਗਾਲੀ

ਦੀ ਦਲਦਲ ਵਿਚੋਂ ਨਿਕਲਣ ਦਾ ਕੋਈ ਬਦਲਵਾਂ ਵਿਕਲਪ ਨਜ਼ਰ ਨਹੀਂ ਆਉਂਦਾ। ਇਹ ਸਥਿਤੀ ਦੀ ਵਿਡੰਬਣਾ ਹੀ ਹੈ ਕਿ ਅਤਿ ਦੀ ਗ਼ਰੀਬੀ ਤੇ ਕੰਗਾਲੀ ਦੇ ਹਾਲਾਤ 'ਮਾੜੇ' ਨੂੰ ਆਪਣੀ ਛੋਟੀ ਬੱਚੀ 'ਨਿੱਕੀ' ਨੂੰ ਟੋਏ ਵਿਚ ਸਿੱਟਣ ਲਈ ਮਜਬੂਰ ਕਰ ਰਹੇ ਹਨ ਪਰ ਕਾਰਜੀ ਬੰਦਾ ਹੋਣ ਕਰਕੇ ਉਸਦਾ ਆਪਣੇ ਬੱਚਿਆਂ ਪ੍ਰਤੀ ਮੋਹ ਉਸਨੂੰ ਅਜਿਹਾ ਕਰਨ ਨਹੀਂ ਦਿੰਦਾ। ਇਥੇ ਆ ਕੇ ਉਹ ਦਵੰਦ ਦੀ ਸਥਿਤੀ ਵਿਚ ਫਸ ਜਾਂਦਾ ਹੈ :

> "ਨਿੱਕੀ ਨੂੰ ਕੁੱਛੜ ਚੁੱਕ ਮੈਂ ਘਰੋਂ ਬਾਹਰ ਨਿਕਲ ਆਇਆ ਹਾਂ ਟੋਏ ਵੱਲ।" "ਬਾਪੂ, ਮੈਨੂੰ ਟੌਫੀਆਂ ਲੈ ਕੇ ਦੇਵੇਂਗਾ ?" ਨਿੱਕੀ ਮੇਰੀ ਕਰੜ ਬਰੜੀ ਦਾੜ੍ਹੀ 'ਤੇ ਹੱਥ ਫੇਰਦੀ ਬੋਲੀ ਹੈ। ਮੈਂ ਉਹਦੇ ਚਿਹਰੇ ਵੱਲ ਵੇਖਣ ਲੱਗ ਪਿਆਂ।—ਮੇਰੇ ਹੱਥ ਜਿਵੇਂ ਕਿਸੇ ਨੇ ਨਿੱਕੀ ਨਾਲ ਬੰਨ੍ਹ ਦਿੱਤੇ ਹੋਣ। ਗੁੰਮ-ਸੁੰਮ ਹੋਇਆ ਮੈਂ ਟੋਏ ਕੋਲ ਪੱਥਰ ਬਣ ਗਿਆ ਹਾਂ। ਮੇਰੇ ਤੋਂ ਨਿੱਕੀ ਨੂੰ ਟੋਏ 'ਚ ਸੁੱਟਿਆ ਨਹੀਂ ਜਾ ਰਿਹਾ ਹੈ।"
>
> (ਉਹੀ, ਪੰਨਾ 76)

ਇਸ ਤਰ੍ਹਾਂ ਕਹਾਣੀ ਪਿੰਡਾਂ ਵਿਚ ਰਹਿੰਦੇ ਦਲਿਤ ਭਾਈਚਾਰੇ ਦੇ ਉਹਨਾਂ ਵਰਗਾਂ ਦੀ ਦਾਸਤਾਨ ਨੂੰ ਪੇਸ਼ ਕਰਦੀ ਹੈ ਜਿਹੜੇ ਅਤਿ ਦੀ ਗ਼ਰੀਬੀ ਤੇ ਕੰਗਾਲੀ ਦੀ ਦਲਦਲ ਵਿਚ ਜੂਨ ਕੱਟਣ ਲਈ ਮਜ਼ਬੂਰ ਹੋ ਰਹੇ ਹਨ। ਉਹ ਚਾਹ ਕੇ ਵੀ ਕੋਈ ਅਜਿਹਾ ਕਾਰਜ ਨਹੀਂ ਕਰ ਸਕਦੇ ਜੋ ਉਹਨਾਂ ਦੇ ਅੰਦਰਲੇ ਇਨਸਾਨ ਨੂੰ ਮਾਰ ਦੇਵੇ। ਏਥੇ ਆ ਕੇ ਕਹਾਣੀ ਦਾ ਸਿਰਲੇਖ ਬੜਾ ਢੁਕਵਾਂ ਨਜ਼ਰ ਆ ਰਿਹਾ ਹੈ ਕਿ "ਅਜੇ ਆਪਾਂ ਇੰਨੇ ਨਹੀਂ ਮਾੜੇ" ਕਿ ਆਪਣੇ ਕੁਝ ਸੁੱਖਾਂ ਦੀ ਖ਼ਾਤਰ ਆਪਣੀ ਹੀ ਔਲਾਦ ਦਾ ਘਾਤ ਕਰ ਦੇਵਾਂਗੇ। ਕਹਾਣੀ ਪਾਠਕ ਅੰਦਰ ਬਹੁਤ ਸਾਰੇ ਸਵਾਲੀਆ ਚਿੰਨ੍ਹ ਹੀ ਖੜ੍ਹੇ ਨਹੀਂ ਕਰਦੀ ਸਗੋਂ ਉਨ੍ਹਾਂ ਦਾ ਸਮਾਧਾਨ ਵੀ ਸੁਝਾਉਂਦੀ ਹੋਈ ਨਜ਼ਰ ਆਉਂਦੀ ਹੈ ਤੇ ਦੱਸਦੀ ਹੈ ਕਿ ਉਹ ਕਿਹੜੀਆਂ ਨੀਤੀਆਂ/ਮਸਲੇ/ਚੁਣੌਤੀਆਂ/ਵੰਗਾਰਾਂ ਹਨ ਜਿਹੜੀਆਂ ਦਲਿਤ ਲੋਕਾਈ ਨੂੰ ਆਪਣੀ ਔਲਾਦ ਦਾ ਘਾਤ ਕਰਨ ਲਈ ਵੀ ਮਜ਼ਬੂਰ ਕਰਦੀਆਂ ਹਨ। ਲੋੜ ਹੈ ਸਰਕਾਰਾਂ ਨੂੰ ਕਿ ਉਹ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਨਿਭਾਉਣ ਤੇ ਦਲਿਤਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਜਤਨ ਕਰਨ ਤਾਂ ਕਿ ਮਾੜੇ ਵਰਗੇ ਹਜ਼ਾਰਾਂ ਦਲਿਤ ਅਜਿਹੀਆਂ ਸੰਕਟ ਗ੍ਰਸਤ ਸਥਿਤੀਆਂ ਦੀ ਬਲੀ ਨਾ ਚੜ੍ਹਨ। ਲੋੜ ਹੈ ਭਾਰਤੀ ਲੋਕਾਂ ਨੂੰ ਆਪਣੇ ਅਦਰੋਂ ਜਾਤ-ਪਾਤ ਦਾ ਕੋਹੜ ਮੇਟਣ ਦੀ ਤਾਂ ਹੀ ਭਾਰਤ ਵਿਚ ਸਮਾਜਵਾਦ ਤੇ ਆਪਸੀ ਭਾਈਚਾਰੇ ਦੀ ਸਥਾਪਤੀ ਹੋ ਸਕਦੀ ਹੈ।